ਮਾਂ

(ਕਵਿਤਾਵਾਂ)



ਡਾ: ਦੇਵਿੰਦਰ ਸੈਫੀ

ਇਸ ਵਾਰ ਦਾ ਕਵੀ :

ਡਾ. ਦੇਵਿੰਦਰ ਸੈਫ਼ੀ

(ਹਸਤਾਖ਼ਰਾਂ ਦੀ ਜਗ੍ਹਾ 'ਤੇ ਅੰਗੂਠਾ ਲਾਉਣ ਵਾਲੀ ਬਿਰਧ ਮਾਂ ਦੀਆਂ ਸਹਿਜ ਸੁਭਾਵਕ ਕੀਤੀਆਂ ਗੱਲਾਂ ਮੇਰੇ ਅੰਦਰ ਚੱਲ ਰਹੀ ਕਿਸੇ ਨਾ ਕਿਸੇ ਚਿੰਤਨ ਪ੍ਰਕਿਰਿਆ ਨਾਲ ਜਾ ਕੜਿੰਗਲੀ ਪਾਉਂਦੀਆਂ।

ਮੈਂ ਬਹੁਤ ਵਾਰ ਅਚੰਭਿਤ ਹੁੰਦਾ ਹਾਂ ਕਿ ਸਾਡੇ ਬਜ਼ੁਰਗਾਂ, ਵਡੇਰਿਆਂ ਦੀਆਂ ਅਨੁਭਵੀ, ਸਿਆਣਪੀ ਦ੍ਰਿਸ਼ਟੀਆਂ ਬਿਨਾਂ ਸ਼ੱਕ ਸਥਾਨਕੀ ਪੱਧਰ 'ਤੇ ਹੀ ਵਿਚਰਣ ਕਰਦੀਆਂ ਰਹਿੰਦੀਆਂ ਹਨ ਪਰ ਇਹਨਾਂ ਵਿਚਲੇ ਸੱਚਾਈ ਭਰੇ ਨੁਕਤਿਆਂ ਦਾ ਵਜ਼ਨ ਵਿਆਪਕੀ ਮੁੱਲ ਵਾਲਾ ਹੁੰਦਾ ਹੈ।

ਅਜਿਹੀ ਮੰਥਨੀ ਕਿਰਿਆ ਤੇ ਸੰਵੇਦਨਾ ਵਿਚੋਂ ਉਦੈ ਹੋਏ ਇਹ ਕਾਵਿ-ਅਹਿਸਾਸ)

1

ਮਾਂ ਦਾ ਸਮਾਜਵਾਦੀ ਚਿੰਤਨ

ਹਰ ਟੀ.ਵੀ. ਚੈਨਲ
ਜੇਤੂ ਕ੍ਰਿਕਟ ਟੀਮ ਦੀ ਖ਼ਬਰ
ਵਾਰ ਵਾਰ ਵਿਖਾ ਰਿਹਾ ਸੀ
ਕੁਝ ਖਿਡਾਰੀਆਂ ਦੇ
ਨਿਰੰਤਰ ਸੋਹਿਲੇ ਗਾ ਰਿਹਾ ਸੀ
ਤੇ ਨਾਲ ਹੀ ਉਹਨਾਂ ਵਾਸਤੇ
ਪੇਸ਼ ਕੀਤੀ ਜਾ ਰਹੀ
ਵਡੇਰੀ ਧਨ-ਰਾਸ਼ੀ ਦੇ
ਐਲਾਨ ਸੁਣਾ ਰਿਹਾ ਸੀ

ਮੇਰੇ ਕੋਲ ਬੈਠੀ ਮਾਂ ਨੇ
ਸੁਭਾਵਕ ਜੇਹੀ ਹੈਰਾਨੀ ਨਾਲ ਕਿਹਾ,
"ਇਹਨਾਂ ਨੂੰ ਏਨਾ ਕੁਝ ਦਈ ਜਾਂਦੇ ਆ
ਭਲਾ ਇਹ ਭੱਠੇ 'ਤੇ
ਇੱਟਾਂ ਢੋਣ ਵਾਲਿਆਂ ਨਾਲੋਂ
ਬਾਹਲਾ ਜ਼ੋਰ ਤਾਂ ਨੀ ਲਾਉਂਦੇ ਹੋਣੇ !!!
ਉਹਨਾਂ ਵਿਚਾਰਿਆਂ ਨੂੰ ਤਾਂ
ਇਹਨਾਂ ਹੱਥੋਂ

ਕਦੇ ਚਾਰ ਕੱਪੜੇ ਵੀ ਨੀਂ ਸਰਦੇ !"

2

ਮਾਂ ਦਾ ਲੋਕਤੰਤਰੀ ਅਨੁਭਵ

ਵੋਟਾਂ ਦੀ ਗਿਣਤੀ ਵਾਲੇ ਦਿਨ
ਟੀ.ਵੀ. ਸਾਹਵੇਂ ਬੈਠ ਰੋਟੀ ਖਾਂਦਿਆਂ
ਆ ਰਹੇ ਨਤੀਜਿਆਂ ਦਾ ਰੁਝਾਨ ਦੇਖਦਿਆਂ
ਵੇਗ 'ਚ ਆ ਕੇ ਮਾਂ ਨੂੰ ਆਖਣ ਲੱਗਾ,
"ਮਾਂ ! ਬਦਲ ਰਹੀ ਆ ਸਰਕਾਰ !!!
ਲੋਕਾਂ ਨੂੰ ਮੂਰਖ ਬਣਾਉਣ ਵਾਲੀ
ਹੱਕ ਮੰਗਦਿਆਂ 'ਤੇ ਡੰਡੇ ਵਰ੍ਹਾਉਣ ਵਾਲੀ
ਜ਼ਾਅਲੀ ਪਰਚੇ ਪਵਾਉਣ ਵਾਲੀ
ਨਜ਼ਾਇਜ਼ ਕਬਜ਼ੇ ਕਰਵਾਉਣ ਵਾਲੀ
ਨਫ਼ਰਤੀ ਅੱਗਾਂ ਲਵਾਉਣ ਵਾਲੀ
ਲੁੱਟਾਂ ਮਚਾਉਣ ਵਾਲੀ.... ?"

ਮਾਂ ਚੁੱਪ ਕਰ ਸੁਣਦੀ ਰਹੀ
ਇਕ ਟਕ ਮੇਰੇ ਮੂੰਹ ਵੱਲ ਵੇਖਦੀ ਰਹੀ

ਫਿਰ ਆਖਣ ਲੱਗੀ,
"ਤੂੰ ਰੋਟੀ ਖਾਹ ਚੁੱਪ ਕਰਕੇ !
ਏਥੇ ਬਦਲਦਾ ਬੁਦਲਦਾ ਕੁਛ ਨੀਂ
ਸਾਡੀਆਂ ਤਾਂ ਉਮਰਾਂ ਨਿਕਲ ਗਈਆਂ
ਵਿਹੰਦਿਆਂ ਵਿਹੰਦਿਆਂ ?"

3

ਮਾਂ ਤੇ ਸ਼ਾਪਨਹਾਰ

ਦੇਰ ਰਾਤ ਘਰੇ ਪਹੁੰਚਣ ਸਦਕਾ
ਉਨੀਂਦਰੇ 'ਚ ਜਾਗ ਰਹੀ ਮਾਂ ਨੇ
ਫਿਕਰਾਂ ਭਰੇ ਪ੍ਰਸ਼ਨਾਂ ਦੀ

ਝੜੀ ਲਾ ਦਿੱਤੀ
ਮੈਂ ਹੱਥ 'ਚ ਫੜਿਆ ਮੋਮੈਂਟੋ
ਮਾਂ ਦੀ ਬੁੱਕਲ 'ਚ ਰੱਖ
ਦੇਰ ਤਕ ਚੱਲੇ ਸਨਮਾਨ ਸਮਾਰੋਹ 'ਚ
ਮਿਲੀ ਵਾਹ ਵਾਹ, ਹੋਏ ਗੁਣਗਾਣ
ਵੱਜੀਆਂ ਤਾੜੀਆਂ, ਕੀਤੇ ਮਾਣ ਤਾਣ
ਬਾਰੇ ਦੱਸਣ ਲੱਗ ਪਿਆ

ਮਾਂ ਨੇ ਮੋਮੈਂਟੋ ਉੱਪਰ ਹੱਥ ਰੱਖਦਿਆਂ ਕਿਹਾ,
"ਤੀਜੇ ਦਿਨ ਈ ਆਹ ਲੱਕੜ ਜਿਹੀ ਲਿਆ ਧਰਦੈਂ !
ਕਾਹਦੇ ਪਿੱਛੇ ਏਨੀ ਮਗਜ਼ ਖਪਾਈ ਕਰਦੈਂ !!
ਲੋਕਾਂ ਦੀ ਵਾਹ ਵਾਹ ਪਿੱਛੇ ਨੀਂ ਜਾਈਦਾ ਹੁੰਦਾ
ਆਵਦਾ ਮੁੱਲ ਪਾਈਦਾ ਹੁੰਦਾ
ਇਹੋ ਜਿਹੀਆਂ ਚੀਜ਼ਾਂ ਪਿੱਛੇ
ਆਵਦਾ ਚੈਨ ਨਹੀਂ ਗਵਾਈਦਾ ਹੁੰਦਾ...?"
ਡਾਹਢੀ ਥਕਾਵਟ ਦੇ ਬਾਵਜੂਦ
ਓਸ ਰਾਤ ਮੈਂ ਸੌਂ ਨਾ ਸਕਿਆ
ਕਦੇ ਨਿੱਜੀ ਡਾਇਰੀ ਖੋਲ੍ਹ ਕੇ
ਸ਼ਾਪਨਹਾਰ ਦੇ ਚਿੰਤਨ 'ਚੋਂ ਲਿਖਿਆ
"ਪ੍ਰਸਿੱਧੀ ਮੂਰਖਤਾ ਹੈ
ਦੂਜਿਆਂ ਦੇ ਸਿਰਾਂ 'ਚ ਰਹਿ ਕੇ ਤੁਸੀਂ
ਸੱਚੀ ਖ਼ੁਸ਼ੀ ਹਾਸਲ ਨਹੀਂ ਕਰ ਸਕਦੇ"
ਕਥਨ ਪੜ੍ਹਦਾ
ਤੇ ਕਦੇ ਉੱਠ ਕੇ ਅੱਖਰਾਂ ਕਿਤਾਬਾਂ ਤੋਂ ਨਾਵਾਕਫ਼
ਸੁੱਤੀ ਹੋਈ ਮਾਂ ਦੇ ਚਿਹਰੇ ਉਤਲੀ
ਅਨੁਭਵੀ ਆਭਾ ਕੋਲ ਜਾ ਖੜ੍ਹਦਾ

4

ਮਾਂ ਤੇ ਬੌਦਰੀਲਾਰਦ

ਮਾਂ ਦੇ ਦੁਖਦੇ ਗੋਡਿਆਂ ਲਈ
ਕਈ ਥਾਵਾਂ ਤੋਂ ਦਵਾਈ ਮੰਗਵਾਈ
ਪਰ ਰਾਸ ਨਾ ਆਈ

ਇਕ ਦਿਨ ਟੀ.ਵੀ. 'ਤੇ
ਵਾਰ ਵਾਰ ਆ ਰਹੀ
ਹਰ ਦਰਦ ਦਾ ਗਰੰਟੀਸ਼ੁਦਾ ਨਿਵਾਰਨ ਕਰਨ ਵਾਲੀ
ਦਵਾਈ ਦੀ ਮਸ਼ਹੂਰੀ
ਮਾਂ ਨੂੰ ਵਿਖਾਈ
ਮੰਗਵਾਉਣ ਬਾਰੇ ਪੁੱਛਿਆ

ਮਾਂ ਨੇ ਟੀ.ਵੀ. ਵੱਲ
ਨਾਂਹਮੁਖੀ ਹੱਥ ਮਾਰਦਿਆਂ ਕਿਹਾ,
"ਬਾਹਲੀਆਂ ਮਸ਼ੂਰੀਆਂ ਵਾਲੀਆਂ ਚੀਜ਼ਾਂ
ਕਿਸੇ ਕੰਮ ਦੀਆਂ ਨਹੀਂ ਹੁੰਦੀਆਂ"

ਮੈਂ ਸੋਚਣ ਲੱਗਾ ;
ਮਾਂ ਬੌਦਰੀਲਾਰਦ ਦਾ
ਨਾਂ ਵੀ ਨਹੀਂ ਉਚਾਰ ਸਕਦੀ
ਪਰ ਉਹਦੇ ਛਲਾਵਾ ਚਿੰਤਨ ਦੇ
ਕੇਂਦਰੀ ਨੁਕਤੇ ਸਮਝਾ ਸਕਦੀ ਐ ?

5

ਮਾਂ ਤੇ ਪ੍ਰਯੋਗਵਾਦ

ਮਹਾਂਮਾਰੀ ਨਾਲ ਨਜਿੱਠਣ ਵਾਲੀ
ਸਰਕਾਰ ਦੀ ਸਥਿਤੀ ਪਛਾਣਨ ਲਈ
ਨਵੀਂ ਯੋਜਨਾ ਬਾਰੇ ਜਾਣਨ ਲਈ
ਮੈਂ ਅੱਜ ਪ੍ਰਧਾਨ ਮੰਤਰੀ ਦਾ
ਸਾਰਾ 'ਸੰਬੋਧਨ' ਸੁਣਨ ਬਾਰੇ ਸੋਚਿਆ

ਅਜੇ ਸੁਣਨਾ ਸ਼ੁਰੂ ਈ ਕੀਤਾ ਸੀ
ਮਾਂ ਨੇ ਵਿਚਾਲਿਓਂ ਆ ਟੋਕਿਆ :
"ਇਹ ਕੋਈ ਕੰਮ ਤਾਂ ਕਰਦਾ ਨਈਂ
ਵਿਹਲਾ ਗੱਲਾਂ ਈ ਕਰੀ ਜਾਂਦਾ
ਗੱਲਾਂ ਨਾਲ ਈ ਲੋਕਾਂ ਦੇ

ਢਿੱਡ ਭਰੀ ਜਾਂਦਾ !
ਚੱਲ ਉੱਠ ! ਵੇਖ !
ਬਾਹਰ ਮੰਗਤਾ ਖੜ੍ਹਾ
ਪਹਿਲਾਂ ਉਹਦੀ ਸੁਣ ਕੇ ਆ
ਬਿਠਾ ਕੇ ਰੋਟੀ ਖੁਆ ਦਈਂ
ਪੈਰੋਂ ਨੰਗਾ ਹੋਇਆ
ਤਾਂ ਜੁੱਤੀ ਜੋੜਾ ਪੁਆ ਦਈਂ
ਬੂਹੇ 'ਤੇ ਖੜ੍ਹੇ ਦੀ ਪਹਿਲਾਂ ਸੁਣਿਆ ਕਰ.....?"

6

ਮਾਂ ਤੇ ਸਾਪੇਖਤਾ

ਕਰਫਿਊ ਦੇ ਦਿਨਾਂ 'ਚ ਮਾਂ
ਰੌਣਕਾਂ, ਰਿਸ਼ਤੇਦਾਰੀਆਂ ਤੇ ਆਉਣੀਆਂ ਜਾਣੀਆਂ
ਨੂੰ ਮੁੜ ਮੁੜ ਚੇਤੇ ਕਰਦੀ
ਡਾਹਢੇ ਹੇਰਵੇ ਨਾਲ ਭਰਦੀ ਗਈ ਤਾਂ

ਮੈਂ ਭਿਅੰਕਰ ਉਦਾਸੀ 'ਚੋਂ
ਕੱਢਣ ਲਈ ਉਤਸ਼ਾਹੀ ਗੱਲਾਂ ਕਰ
ਧਰਵਾਸ ਦੇਣ ਲੱਗਾ

ਮਾਂ ਨੇ ਕਿੰਨੀ ਦੇਰ ਸਿਰ ਹਿਲਾਉਂਦਿਆਂ
ਹੁੰਗਾਰੇ ਭਰਦਿਆਂ
ਹੌਲੀ ਕੁ ਕਿਹਾ,
"ਪੁੱਤ !
ਸੌਖਿਆਂ ਵੇਲਿਆਂ 'ਚ ਸਾਲਾਂ ਦਾ ਵੀ ਪਤਾ ਨੀਂ ਲੱਗਦਾ
ਤੇ ਇਹੋ ਜੇਹੇ ਵੇਲੇ ਦਿਨ ਈ ਮ੍ਹੀਨਿਆਂ
ਜਿੱਡੇ ਹੋ ਜਾਂਦੇ ?"
ਮੈਨੂੰ ਯਾਦ ਆਇਆ ਇਹ ਮਿਸਾਲ ਤਾਂ
ਪ੍ਰੋਫ਼ੈਸਰ ਨੇ ਆਈਨਸਟਾਈਨ ਦੇ
ਸਾਪੇਖਤਾ ਸਿਧਾਂਤ ਬਾਰੇ ਦੱਸਦਿਆਂ ਦਿੱਤੀ ਸੀ।

7

ਮਾਂ ਤੇ ਲਾਇਬਰੇਰੀ

ਕਾਫ਼ੀ ਦਿਨਾਂ ਬਾਅਦ ਬਾਹਰਲੇ ਕੰਮਾਂ ਤੋਂ
ਜ਼ਰਾ ਕੁ ਵਿਹਲ ਮਿਲੀ
ਤਾਂ
ਕੁਝ ਵਕਤ ਘਰੇ ਰਹਿਣ ਬਾਅਦ
ਲਾਇਬਰੇਰੀ 'ਚੋਂ ਕੁਝ ਕਿਤਾਬਾਂ
ਲਿਆਉਣ ਬਾਰੇ ਸੋਚਿਆ
ਜਦੋਂ ਜਾਣ ਲੱਗਾ ਤਾਂ
ਡਿਓੜੀ 'ਚ ਬੈਠੀ ਮਾਂ ਆਖਣ ਲੱਗੀ,
"ਮੈਂ ਤਾਂ ਸੋਚਿਆ ਸੀ ਤੂੰ ਅੱਜ ਘਰੇ ਰਵੇਂਗਾ
ਘੜੀ ਪਲ ਮੇਰੇ ਕੋਲ ਵੀ ਬੈਠੇਂਗਾ"

ਮਾਂ ਦੇ ਬੋਲਾਂ ਵਿਚਲੀ ਚੀਸ ਜੇਹੀ ਸੁਣ
ਲਾਇਬਰੇਰੀ ਜਾਣਾ ਮੁਲਤਵੀ ਕਰ ਦਿੱਤਾ
ਮਾਂ ਕੋਲ ਬੈਠਾ, ਓਹਦੇ ਹੱਥਾਂ ਦੇ ਘਸੇ ਨਹੁੰਆਂ
ਪੈਰਾਂ ਦੇ ਪੀਲੇਪਣ, ਝੁਰੜੀਆਂ ਭਰੇ ਚਿਹਰੇ
ਅੱਖਾਂ 'ਚ ਸੁੱਕੇ ਪਾਣੀ ਵੱਲ
ਵਿੰਹਦਾ ਵਿੰਹਦਾ ਸੋਚਣ ਲੱਗਾ
ਅਸਲੀ ਕਿਤਾਬਾਂ ਨੂੰ ਪੜ੍ਹਨੋਂ ਸਮਝਣੋਂ
ਤਾਂ ਅਜੇ ਬਹੁਤ ਦੂਰ ਹਾਂ...

ਪਿੰਡ ਤੇ ਡਾਕਖਾਨਾ : ਮੋਰਾਂਵਾਲੀ
ਜ਼ਿਲ੍ਹਾ : ਫਰੀਦਕੋਟ ,
ਫੋਨ : 94178 26954